malhionline.com
malhionline.com

# ਅਰਦਾਸ

ਬੋਲੋ ਰਾਜਾ ਰਾਮ ਚੰਦਰ ਲਛਮਣ ਸਾਹਿਬ ਤੇਰੀ ਜੈ, ਦੁਖ ਗਏ ਸਭ ਮੇਰੇ ਭੈ, ਤੇਰੇ ਡਿੱਠਿਆਂ ਪਾਰਸ ਹੋਈਏ ਕ੍ਰਿਸ਼ਨ ਭੁਜਾ ਤਾਰੀ। ਆਪੇ ਠਾਕੁਰ ਆਪੇ ਨਾਰਾਇਣ ਕਰਨ ਮਨਾਰੀ। ਠਾਕੁਰ ਮੇਰੇ ਦੀਨ ਦਿਆਲੂਜੱਗ ਮੇਂ ਜੋਤ ਤੁਮਾਰੀ। ਜੀਮੀ ਤੇ ਆਸਮਾਨ ਸਾਇੰਦੇ ਪੁਰਖਾ ਸਾਇੰਦੇ ਨਾਰੀ। ਚੰਦ ਸੂਰਜ ਗਿਰਨਾਪੁਰ ਸਾਇੰਦੇ ਨੌਂ ਲੱਖ ਜਪੇ ਉਤਾਰੀ। ਚਾਰੇ ਜੱਗ ਸਪੂਰਨ ਕੀਤੇ ਬ੍ਰਹਮਾ ਦੀਨਾ ਚਾਰੀ। ਟਿੱਲੇ ਜਾ ਕੇ ਨਾਥ ਕਹਾਇਆ ਜੋਗੀ ਤੂੰ ਬਲਕਾਰੀ। ਦਾਨ ਸੰਬੰਧੀ ਦਾ ਬਾਲ ਜਮਾ ਲਿਆ ਤਾਰੀ ਸਿਰਿਆ ਘੁਮਿਆਰੀ। ਜਿਸ ਪਾਵੈ ਤੁਸ ਦੇਵੀਂ ਦਾਤੀ ਕੋਲ ਖੜੀ ਰਹਿ ਸਚਿਆਰੀ। ਆਨੰਦ ਮਹਿਲ ਘਰ ਆਣ ਕੇ ਸੋਧਾਂ ਮਾਤਾ ਤਾਰੀ। ਖੰਡਾ ਧੂਹ ਲਿਆ ਹਰਨਾਕਸ਼ ਅੱਠੇ ਵਕਤ ਹੰਕਾਰੀ। ਚੌਥੇ ਘਰ ਬੋਂਸਰ ਦੇ ਜਾ ਕੇ ਕੁੱਲ ਮੱਲ੍ਹੀਆਂ ਦੀ ਤਾਰੀ। ਅਸ਼ਟ ਭੁਜੀ ਮਹਾਂ ਦੀ ਕੈਲਾ ਕੀਤੀ ਭਗਤ ਤੁਮਾਰੀ। ਸਰਿਉਂ ਦੁੱਖ ਉਤਾਰੇ ਕੈਲਾ ਪਰਭੈ ਦਿੰਦਾ ਕਾਰੀ। ਭਗਤਾਂ ਨੂੰ ਠਾਕੁਰ ਪਿਆਰੇ ਠਾਕੁਰਾਂ ਨੂੰ ਭਗਤ ਪਿਆਰੀ। ਜੰਗਲ ਕੋਟ ਕੁਦਰਤ ਦਾ ਬਣਿਆ ਮਾੜ੍ਹੀ ਮਤ ਖੂੰਡੀ ਉਵਾਰੀ। ਲਸ਼ਕੀ ਖੋਖਰ ਦਾ ਸਿਰ ਆਦਾਂ ਧੂੰ ਤਿੱਖੀ ਤਲਵਾਰੀ,

malhionline.com
malhionline.com

ਡੋਲਾ ਜਿੱਤ ਮੱਝਿਆਂ ਨੂੰ ਦਿੱਤਾ ਤੂਰੀ ਬਾਜ਼ੀ ਹਾਰੀ। ਮਾਤਾ ਇੱਸ਼ਰਾਂ ਖੜ੍ਹੀ ਬਰੱਸੇ ਲੱਛਮਣ ਕਾਲਾ ਬਾਰੀ। ਸਾਹਿਬ ਆਪਣੇ ਦੇ ਚਰਨ ਸੈਮਾਂ ਭੁੱਖ ਲਈ ਤੇ ਨਾਲੀ। ਲੱਛਮਛ ਬਾਲੇ ਭਗਤ ਕਮਾਈ ਹਰ ਚਰਨਾਂ ਚਿੱਤ ਲਾਗਾ। ਸੇ ਪੁੱਤਰੀ ਸੇ ਸੰਭੂਆਏ ਸੱਤ ਕਾ ਦੀਨਾ ਧਾਗਾ। ਆਸਣ ਛੋਡ ਚੱਲੇ ਨਰਾਸਣ ਆਏ ਬਾਸ਼ਕ ਨਾਗਾ। ਸਿੰਘ ਚੜ੍ਹੀ ਦੁਰਗੇ ਆਵੇ ਦੇਵੇ ਅਕਲ ਗਿਆਨਾ। ਅੱਧ ਨਾਮ ਤੂੰ ਠਾਕੁਰ ਹੋਇਆ ਟਿੱਕਾ ਹੋਇਆ ਜੱਸ ਦਾ। ਸਿੱਧ ਕੇਰੋ ਤੇ ਭੇਰੋ ਜਿੰਦਾ ਜੰਡ ਦੀਵਾ ਤੂੰ ਬਾਲੈ। ਸੁੱਕੇ ਜੰਡ ਹੋਏ ਹਰਿਆਵਲ ਦਿਨਾ ਉਗਮ ਦੇ ਨਾਲੇ। ਰਾਜੋ ਸਾਇਜੋ ਵੈਰ ਸੀ ਘਰ ਭਰਾਮਣ ਹਾਲੇ। ਦਿਤਾ ਦਾਨ ਨਾ ਖੋਹੀ ਲੱਛਮਣਾ ਜੇ ਬੰਦਾ ਇਕ ਮੰਨ ਹੋ ਕੇ ਘਾਲੇ।

ਦਈ ਸਾਂਈ ਸਿੱਧ ਸਾਂਈ ਕ੍ਰਿਸ਼ਨਾ ਕੋਰਸ਼ੀ ਵਾਲੇ ਪਾਤਸ਼ਾਹ ਭਾਗ ਮਾੜ੍ਹੀ ਸੁਹਾਗ ਮਾੜ੍ਹੀ ਹੀਰਾ ਮਾਈ ਦੀ ਕਮਾਈ ਦਾ ਸਦਕਾ, ਬਾਬੇ ਬੋਂਸਰ ਦੀ ਕਮਾਈ ਦਾ ਸਦਕਾ, ਮਾਤਾ ਇੱਸ਼ਰਾਂ ਦੀ ਕਮਾਈ ਦਾ ਸਦਕਾ, ਗਊਂ ਮਾਤਾ ਦੀ ਕਮਾਈ ਦਾ ਸਦਕਾ, ਝੰਡਿਆਂ ਨਿਸ਼ਾਨਾਂ ਦੀ ਕਮਾਈ ਦਾ ਸਦਕਾ, ਰਿਸ਼ੀਆਂ ਮੁਨੀਆਂ ਦੀ ਕਮਾਈ ਦਾ ਸਦਕਾ, ਸੰਤਾਂ ਮਹੰਤਾਂ ਦੀ ਕਮਾਈ ਦਾ ਸਦਕਾ, ਮਾਈ ਦਾਸ ਪਰੋਤ ਦੀ ਕਮਾਈ ਦਾ ਸਕਦਾ, ਛੇਆਂ ਜਤੀਆਂ ਦੀ

malhionline.com
malhionline.com
malhionline.com
malhionline.com

ਕਮਾਈ ਦਾ ਸਦਕਾ, ਨੌਆਂ ਨਾਥਾਂ ਦੀ ਕਮਾਈ ਦਾ ਸਦਕਾ, 52ਆਂ ਵੀਰਾਂ ਦੀ ਕਮਾਈ ਦਾ ਸਦਕਾ, 84ਆਂ ਸਿੱਧਾਂ ਦੀ ਕਮਾਈ ਦਾ ਸਦਕਾ, 33 ਕਰੋੜ ਦੇਵਤਿਆਂ ਦੀ ਕਮਾਈ ਦਾ ਸਦਕਾ, ਤੇਰੇ ਨਾਮ ਦਾ ਪਾਠ ਕੀਤਾ ਲੇਖੇ ਲਾਈਂ ਸ਼ਾਹਪੁਰ ਸ਼ਾਹ ਸੁਰਖਰੂਰੱਖੀਂ। ਜੇ ਮੈਂ ਭੂਤ ਗਬੂਤ ਹਾਂ ਬੌਹੜ ਪਿਤਾ ਕੇ ਲਾਜ, ਸਭੀ ਦੁਆਰੇ ਛੋਡ ਕੇ ਆਇਆ ਤੇਰੇ ਦੁਆਰ। ਮਿਹਰ ਦੀਆਂ ਈ ਵਾਰਾਂ, ਕੁੱਲ ਦਾ ਭੀ ਭਲਾ, ਅਰਦਾਸ ਭੁੱਲ ਚੁੱਕ ਮਾਫ਼ (ਲੱਛਮਣ ਜਤੀ ਤੇਰੇ ਨਾਮ ਦਾ ਭਰੋਸਾ ਕੱਢਿਆ ਲੇਖੇ ਲਾਈਂ, ਭੇਰੋ ਜਤੀ ਤੇਰੇ ਨਾਮ ਦਾ ਭਰੋਸਾ ਕੱਢਿਆ ਲੇਖੇ ਲਾਈਂ, ਬੋਬੋ ਮਾਈ ਤੇਰੇ ਨਾਮ ਦਾ ਭਰੋਸਾ ਲੇਖੇ ਲਾਈਂ, ਖੁਆਜਾ ਬਲੀ ਤੇਰੇ ਨਾਮ ਦਾ ਭਰੋਸਾ ਕੱਢਿਆ ਲੇਖੇ ਲਾਈਂ, ਗਊਮਾਤਾ ਤੇਰੇ ਨਾਮ ਦਾ ਗਊਂ ਗਰਾਸ ਕੱਢਿਆ ਲੇਖੇ ਲਾਈਂ), ਨਾਮ ਦਈਂ ਦਾਨ ਦਈਂ ਇਸ਼ਨਾਨ ਦਈਂ, ਸੱਤ ਦਈਂ ਸੰਤੋਖ ਦਈਂ ਜਾਨ ਤੇ ਸੁੱਖ ਸਾਂਧ ਰੱਖੀ ਚਾਟੀ ਹਰੀ ਰੱਖੀ ਕੋਠੀ ਭਰੀ ਰੱਖੀ ਤੇਰੈ ਭਾਣੇ ਸਰਬੱਤ ਦਾ ਭਲਾ ਹੈ।

ਬੋਲ ਸੀਆ ਪਤੀ ਰਾਮ ਚੰਦਰ ਲੱਛਮਣ ਸਾਹਿਬ ਤੇਰੀ ਜੈ।
ਹਨੂੰਮਾਨ ਬਲੀ ਤੇਰੀ ਸਦਾ ਹੀ ਜੈ।

malhionline.com malhionline.com malhionline.com malhionline.com

malhionline.com
malhionline.com

# ਮੱਲ੍ਹੀ

**ਮੱਲ੍ਹੀ –** ਆਰੀਆ ਜਾਤੀ ਦੇ ਲੋਕ ਈਸਾ ਤੋਂ ਦੋ ਹਜ਼ਾਰ ਸਾਲ ਪੂਰਬ ਮੱਧ ਏਸ਼ੀਆ ਤੋਂ ਚਲਕੇ ਸਿੰਧ ਅਤੇ ਮੁਲਤਾਨ ਦੇ ਖੇਤਰਾਂ ਵਿੱਚ ਆਬਾਦ ਹੋਏ। ਕਿਸੇ ਸਮੇਂ ਕੈਸਪੀਅਨ ਸਾਗਰ ਦੇ ਖੇਤਰ ਤੋਂ ਲੈ ਕੇ ਮੁਲਤਾਨ ਦੇ ਖੇਤਰ ਤੱਕ ਤਕੜੇ ਅਤੇ ਖਾੜਕੂਜੱਟ ਕਬੀਲੇ ਦੂਰ-ਦੂਰ ਤੱਕ ਫੈਲੇ ਹੋਏ ਸਨ।

ਮੱਲ੍ਹੀ ਭਾਈਚਾਰੇ ਦੇ ਲੋਕ ਈਸਾ ਤੋਂ 1500 ਸਾਲ ਪੂਰਬ ਪੰਜਾਬ ਦੇ ਮੁਲਤਾਨ ਖੇਤਰ ਵਿੱਚ ਭਾਰੀ ਗਿਣਤੀ ਵਿੱਚ ਵੱਸਦੇ ਸਨ। ਹੌਲੀ-ਹੌਲੀ ਮੱਲ੍ਹੀ ਕਬੀਲੇ ਦੇ ਲੋਕ ਪੰਜਾਬ ਦੇ ਸਾਰੇ ਇਲਾਕਿਆਂ ਵਿੱਚ ਚਲੇ ਗਏ। ਹੋਰ ਜਾਤੀਆਂ ਦੇ ਮੁਕਾਬਲੇ ਵਿੱਚ ਅਧਿਕ ਹੋਣ ਕਾਰਨ ਪੰਜਾਬ ਦੇ ਇੱਕ ਵੱਡੇ ਇਲਾਕੇ ਦਾ ਨਾਮ ਮਾਲਵਾ ਪੈ ਗਿਆ। ਵਾਸੂਦੇਵ ਸ਼ਰਨ ਅਗਰਵਾਲ ਵਰਗੇ ਇਤਿਹਾਸਕਾਰ ਵੀ ਲਿਖਦੇ ਹਨ ਕਿ ਮਾਲਵਾ ਗਣ ਦੇ ਲੋਕਾਂ ਨੂੰ ਮੱਲ੍ਹੀ ਜਾਂ ਮਾਲੂਵੀ ਕਿਹਾ ਜਾਂਦਾ ਹੈ। ਯੂਨਾਨੀ ਇਤਿਹਾਸਕਾਰ ਇਨ੍ਹਾਂ ਨੂੰ ਮਲੋਈ ਕਹਿੰਦੇ ਹਨ। ਇਹ ਬਹੁਤ ਹੀ ਸੂਰਬੀਰ ਕੌਮ ਸੀ।

326 ਪੂਰਬ ਈਸਾ ਦੇ ਸਮੇਂ ਜਦ ਯੂਨਾਨੀ ਹਮਲਾਵਾਰ ਸਿਕੰਦਰ ਮਹਾਨ ਮੁਲਤਾਨ ਵਲ ਆਇਆ ਤਾਂ ਮੁਲਤਾਨ ਦੇ ਮੱਲ੍ਹੀਆਂ ਨੇ ਬੜਾ ਜ਼ਬਰਦਸਤ ਟਾਕਰਾ ਕੀਤਾ। ਇਸ ਸਮੇਂ ਮੱਲ੍ਹੀ ਰਾਵੀ, ਜਿਹਲਮ ਤੇ ਚਨਾਬ ਦੇ

malhionline.com
malhionline.com

ਖੇਤਰਾਂ ਵਿੱਚ ਵੀ ਦੂਰ-ਦੂਰ ਤੱਕ ਫੈਲੇ ਹੋਏ ਸਨ। ਇਹ ਬਹੁਤ ਹੀ ਤਕੜੇ ਤੇ ਬਹਾਦਰ ਕਬੀਲੇ ਦੇ ਲੋਕ ਸਨ। ਯੂਨਾਨੀ ਫੌਜ ਵੀ ਇਨ੍ਹਾਂ ਨਾਲ ਲੜਨ ਤੋਂ ਬਹੁਤ ਡਰਦੀ ਸੀ। ਇਸ ਲੜਾਈ ਵਿੱਚ ਸਿਕੰਦਰ ਦੀ ਫੌਜ ਦਾ ਵੀ ਬਹੁਤ ਨੁਕਸਾਨ ਹੋਇਆ ਅਤੇ ਸਿਕੰਦਰ ਵੀ ਜ਼ਖ਼ਮੀ ਹੋ ਗਿਆ। ਆਦਿ ਕਾਲ ਵਿੱਚ ਮੱਲ੍ਹੀਆਂ ਦੇ ਵਡੇਰੇ ਹੋਰ ਜ਼ੱਟਾਂ ਵਾਂਗ ਸੂਰਜ ਉਪਾਸਨਾ ਕੀਤਾ ਕਰਦੇ ਸਨ। ਮੁਲਤਾਨ ਸ਼ਹਿਰ ਵਿੱਚ ਵੀ ਇੱਕ ਪੁਰਾਤਨ ਤੇ ਪ੍ਰਸਿੱਧ ਸੂਰਜ ਮੰਦਿਰ ਸੀ। ਮੁਲਤਾਨ ਜੱਟਾਂ ਦਾ ਘਰ ਸੀ। ਸਿਕੰਦਰ ਦੀ ਜਿੱਤ ਪਿੱਛੋਂ ਮੱਲ੍ਹੀਆਂ ਤੇ ਹੋਰ ਜੱਟ ਚੌਧਰੀਆਂ ਨੇ ਬਾਦਸ਼ਾਹ ਸਿਕੰਦਰ ਨੂੰ ਦੱਸਿਆ ਕਿ ਅਸੀਂ ਲਗਭਗ ਇਕ ਹਜ਼ਾਰ ਸਾਲ ਤੋਂ ਇਸ ਖੇਤਰ ਵਿੱਚ ਸੁਤੰਤਰ ਤੇ ਸੁੱਖੀ ਵਸਦੇ ਸੀ। ਆਖ਼ਰ ਸਿਕੰਦਰ ਨੂੰ ਵੀ ਮੱਲ੍ਹੀਆਂ ਤੇ ਹੋਰ ਜੱਟ ਕਬੀਲਿਆਂ ਨਾਲ ਸਮਝੌਤਾ ਕਰਨਾ ਪਿਆ। ਯੂਨਾਨੀ ਇਤਿਹਾਸਕਾਰ ਨੇ ਮੱਲ੍ਹੀਆਂ ਨੂੰ ਮਲੋਈ ਲਿਖਿਆ ਹੈ। ਮਲ, ਮੱਲ੍ਹੀ ਅਤੇ ਮਲੋਈ ਇੱਕੋ ਹੀ ਕਬੀਲਾ ਲੱਗਦਾ ਹੈ।

ਕੁੱਝ ਇਤਿਹਾਸਕਾਰ ਮੱਲ੍ਹੀਆਂ ਦਾ ਸੰਬੰਧ ਪਰਮਾਰ ਰਾਜਪੂਤਾਂ ਨਾਲ ਜੋੜਦੇ ਹਨ ਅਤੇ ਕੁਝ ਸਰੋਆ ਰਾਜਪੂਤਾਂ ਨਾਲ ਜੋੜਦੇ ਹਨ। ਮੱਲ੍ਹੀ ਤਾਂ ਰਾਜਪੂਤਾਂ ਦੇ ਜਨਮ ਤੋਂ ਵੀ ਬਹੁਤ ਪਹਿਲਾਂ ਦਾ ਕਬੀਲਾ ਹੈ। ਪ੍ਰਸਿੱਧ ਇਤਿਹਾਸਕਾਰ ਸ਼ਮਸ਼ੇਰ ਸਿੰਘ ਅਸ਼ੋਕ ਰਾਜਪੂਤਾਂ ਦੀ ਪੈਦਾਇਸ਼ ਅੱਠਵੀਂ, ਨੌਂਵੀਂ ਸਦੀ ਦੱਸਦਾ ਹੈ। ਮਹਾਂਭਾਰਤ ਵਿੱਚ ਰਾਜਪੂਤਾਂ ਦਾ

malhionline.com malhionline.com malhionline.com malhionline.com

ਕੋਈ ਜ਼ਿਕਰ ਨਹੀਂ। ਪੰਜਾਬ, ਸਿੰਧ, ਗੁਜਰਾਤ ਦੇ ਸੈਂਕੜੇ ਜੱਟ ਕਬੀਲਿਆਂ ਦਾ ਜ਼ਿਕਰ ਹੈ। ਜੱਟ ਪੁਰਾਣੇ ਕਬੀਲੇ ਹਨ ਰਾਜਪੂਤ ਨਵੀਂ ਜਾਤੀ ਹੈ। ਮਲੋਈ ਭਾਵ ਮੱਲ੍ਹੀ ਉਪਜਾਤੀ ਦੇ ਲੋਕ ਮੁਲਤਾਨ ਦੇ ਖੇਤਰ ਤੋਂ ਚਲਕੇ ਮਾਲਵੇ ਵਿੱਚ ਆਏ। ਮਾਲਵੇ ਤੋਂ ਰਾਜਸਤਾਨ ਵਿੱਚ ਪਹੁੰਚੇ। ਅੰਤ ਹੌਲੀ-ਹੌਲੀ ਮੱਧ ਭਾਰਤ ਵਿੱਚ ਪ੍ਰਚੱਲਤ ਹੋ ਗਿਆ। ਮਲੋਈ ਕਬੀਲਿਆਂ ਨੇ ਆਪਣੇ ਗਣਰਾਜ ਕਾਇਮ ਕਰ ਲਏ। ਮਾਲਵਾ ਗਣਰਾਜ ਦੇ ਪੁਰਾਣੇ ਸਿੱਕੇ ਵੀ ਮਿਲਦੇ ਹਨ। ਪਾਣਨੀ ਅਤੇ ਚੰਦਰ ਦੇ ਅਨੁਸਾਰ ਮਲੋਈ ਕਬੀਲੇ ਦੇ ਲੋਕ ਕਸ਼ਤਰੀ ਵੀ ਨਹੀਂ ਸਨ ਅਤੇ ਬ੍ਰਾਹਮਣ ਵੀ ਨਹੀਂ ਸਨ। ਇਹ ਮੱਧ ਏਸ਼ੀਆ ਤੋਂ ਭਾਰਤ ਵਿੱਚ ਆਇਆ ਇੱਕ ਵੱਖਰਾ ਹੀ ਕਬੀਲਾ ਸੀ। ਇਹ ਮੁਰਦਿਆਂ ਨੂੰ ਧਰਤੀ ਵਿੱਚ ਦੱਬ ਕੇ ਉਨ੍ਹਾਂ ਦੀਆਂ ਸਮਾਧਾਂ ਬਣਾ ਦਿੰਦੇ ਸਨ। ਉਹ ਦਿਵਾਲੀ ਅਤੇ ਖੁਸ਼ੀ ਦੇ ਮੌਕੇ ਆਪਣੇ ਜਠੇਰਿਆਂ ਦੀ ਪੂਜਾ ਵੀ ਕਰਦੇ ਸਨ। ਪ੍ਰਸਿੱਧ ਇਤਿਹਾਸਕਾਰ ਵੀ.ਏ. ਸਮਿਥ ਵੀ ਮਲੋਈ ਲੋਕਾਂ ਨੂੰ ਭਾਰਤ ਵਿੱਚ ਬਾਹਰੋਂ ਆਏ ਵਿਦੇਸ਼ੀ ਹੀ ਮੰਨਦਾ ਹੈ। ਪੁਰਾਣੇ ਸਮਿਆਂ ਵਿੱਚ ਮਲੋਈ ਕਬੀਲੇ ਦੇ ਲੋਕ ਉੱਤਰੀ ਤੇ ਮੱਧ ਭਾਰਤ ਵਿੱਚ ਦੂਰ-ਦੂਰ ਤੱਕ ਆਬਾਦ ਸਨ। ਕੋਈ ਇਨ੍ਹਾਂ ਦਾ ਮੁਕਾਬਲਾ ਨਹੀਂ ਕਰਦਾ ਸੀ। ਇਹ ਬੜੇ ਲੜਾਕੇ ਯੋਧੇ ਸਨ। ਇਨ੍ਹਾਂ ਦੀ ਇੱਕ ਸ਼ਾਖਾ ਦੱਖਣ ਵੱਲ ਅੱਬੂਪਰਬਤ ਅਚਲਗੜ੍ਹ (ਸਰੋਹੀ) ਵਿੱਚ ਆਬਾਦ ਹੋ ਗਈ। ਜਿਨ੍ਹਾਂ ਵਿੱਚੋਂ ਮਹਾਨ ਸਮਰਾਟ ਬਿਕਰਮਾਦਿੱਤ



malhionline.com

malhionline.com
malhionline.com

ਹੋਇਆ। ਇਸੇ ਸ਼ਾਖ ਨੇ ਜੈਪੁਰ ਰਾਜ ਦੇ ਕਰਕੋਟ ਨਗਰ ਖੇਤਰ ਤੇ ਅਧਿਕਾਰ ਕਰ ਲਿਆ। ਇਸ ਇਲਾਕੇ ਵਿੱਚ ਇਨ੍ਹਾਂ ਦੇ ਰਾਜ ਦੇ ਪੁਰਾਣੇ ਸਿੱਕੇ ਵੀ ਮਿਲੇ ਹਨ। ਇਸ ਕਬੀਲੇ ਦੀ ਸ਼ਾਖ ਪੰਜਾਬ ਵਿੱਚ ਵੀ ਕਾਫ਼ੀ ਪੁਰਾਣੇ ਸਮੇਂ ਤੋਂ ਹੀ ਆਬਾਦ ਸੀ। ਮਲੋਈ ਭਾਵ ਮੱਲ੍ਹੀ ਭਾਈਚਾਰੇ ਦੇ ਲੋਕ ਰਾਜਸਤਾਨ ਅਤੇ ਮੱਧ ਪ੍ਰਦੇਸ਼ ਦੇ ਮਾਲਵਾ ਖੇਤਰ ਵਿੱਚ ਵੀ ਆਉਂਦੇ ਜਾਂਦੇ ਰਹਿੰਦੇ ਸਨ। ਵਿਦੇਸ਼ੀ ਹਮਲਿਆਂ ਤੇ ਕਾਲ ਪੈਣ ਕਾਰਨ ਜੱਟ ਕਬੀਲੇ ਅਕਸਰ ਹੀ ਇਕ ਥਾਂ ਤੋਂ ਉੱਠਕੇ ਦੂਜੀ ਥਾਂ ਦੂਰ ਤੱਕ ਚੱਲੇ ਜਾਂਦੇ ਸਨ। ਆਬਾਦੀਆਂ ਬਦਲਦੀਆਂ ਰਹਿੰਦੀਆਂ ਸਨ।

ਮੱਲ੍ਹੀ ਆਪਣਾ ਪਿੱਛਾ ਮੱਲ੍ਹੀ ਵਾਲਾ ਪਿੰਡ ਨਾਲ ਜੋੜਦੇ ਹਨ। ਜੋ ਉਜੜ ਕੇ ਤੇ ਥੇਹ ਬਣਕੇ ਦੁਬਾਰਾ ਵੱਸਿਆ ਸੀ। ਪਹਿਲੀ ਵਾਰ ਇਸ ਨੂੰ ਬਿਕਰਮਾ ਬੰਸੀ ਮਾਲੂਜਾਂ ਮੱਲ੍ਹੀ ਕੌਮ ਨੇ ਵਸਾਇਆ ਸੀ। ਇਥੇ ਇੱਕ ਪੁਰਾਣਾ ਕਿਲ੍ਹਾ ਵੀ ਹੁੰਦਾ ਸੀ। ਜਿਸ ਵਿੱਚੋਂ ਪੁਰਾਣੇ ਸਿੱਕੇ ਵੀ ਮਿਲੇ ਹਨ। ਕੋਕਰੀ ਮੱਲੀਆਂ, ਕੋਟ ਮਲਿਆਣਾ ਤੇ ਮੱਲ੍ਹਾ ਵੀ ਮੱਲ੍ਹੀਆਂ ਨੇ ਵਸਾਏ, ਚੁਘਾ ਕਲਾਂ ਤੋਂ ਬੜੇ ਸਿੱਧਵੀਂ ਆਦਿ ਪਿੰਡਾਂ ਵਿੱਚ ਵੀ ਮੱਲ੍ਹੀ ਆਬਾਦ ਹਨ। ਮੱਲ੍ਹੀ ਦਾ ਇੱਕ ਵੱਡਾ ਕਬੀਲਾ ਸੀ। ਇੱਕ ਹੋਰ ਰਵਾਇਤ ਅਨੁਸਾਰ ਮੱਲ੍ਹੀ ਭਾਈਚਾਰੇ ਦੇ ਲੋਕ ਦਿੱਲੀ ਦੇ ਰਾਜੇ ਸ਼ਾਹ ਸਰੋਆ ਦੀ ਬੰਸ ਵਿੱਚੋਂ ਹਨ। ਇਹ ਦਿੱਲੀ ਤੇ ਰਾਜਸਤਾਨ ਦੇ ਸਰੋਈ ਇਲਾਕੇ ਨੂੰ ਛੱਡਕੇ ਅੱਜ ਤੋਂ ਕਈ ਸੌ ਸਾਲ ਪਹਿਲਾਂ ਪੰਜਾਬ

malhionline.com
malhionline.com

ਦੇ ਮਾਲਵਾ ਖੇਤਰ ਵਿੱਚ ਦੋਬਾਰਾ ਆ ਕੇ ਆਬਾਦ ਹੋ ਗਏ। ਹੂਣਾਂ ਅਤੇ ਮੁਸਲਮਾਨਾਂ ਦੇ ਹਮਲਿਆਂ ਸਮੇਂ ਪੰਜਾਬ ਵਿੱਚੋਂ ਕਈ ਜੱਟ ਕਬੀਲੇ ਰਾਜਸਤਾਨ ਅਤੇ ਮੱਧ ਪ੍ਰਦੇਸ਼ ਵਿੱਚ ਜਾ ਕੇ ਵੱਸ ਗਏ ਸਨ। ਮੱਲ੍ਹੀ ਗੋਤ ਦੇ ਲੋਕ ਢਿੱਲੋਂ, ਢੀਂਡਸਾ, ਸੰਘਾ ਤੇ ਦੋਸਾਂਝ ਗੋਤ ਦੇ ਜੱਟਾਂ ਨੂੰ ਆਪਣਾ ਭਾਈਚਾਰਾ ਸਮਝਦੇ ਹਨ। ਮਾਲਵਾ, ਮਾਝੇ ਵਿੱਚੋਂ ਲੰਘ ਕੇ ਮੱਲ੍ਹੀ ਦੇ ਬਾਰਾ ਫਿਰ ਸਿਆਲਕੋਟ ਤੇ ਗੁਜਰਾਵਾਲਾਂ ਆਦਿ ਤੱਕ ਚਲੇ ਗਏ ਸਨ।

ਪੰਜਾਬ ਵਿੱਚ ਮੱਲ੍ਹੀਆਂ ਨਾਮ ਦੇ ਕਈ ਪਿੰਡ ਹਨ। ਇੱਕ ਮੱਲ੍ਹੀਆ ਪਿੰਡ ਪਟਿਆਲੇ ਖੇਤਰ ਵਿੱਚ ਵੀ ਹੈ। ਇੱਕ ਬਹੁਤ ਹੀ ਪੁਰਾਣਾ ਪਿੰਡ ਮੱਲ੍ਹੀਆ ਵਾਲਾ ਹਲਕਾ ਬਰਨਾਲਾ ਜ਼ਿਲ੍ਹਾ ਸੰਗਰੂਰ ਖੇਤਰ ਵਿੱਚ ਹੈ। ਮੱਲ੍ਹੀਆ ਵਾਲਾ ਮੋਗੇ ਖੇਤਰ ਵਿੱਚ ਵੀ ਹੈ। ਦੁਆਬੇ ਵਿੱਚ ਵੀ ਇੱਕ ਮੱਲ੍ਹੀਆ ਪਿੰਡ ਬਹੁਤ ਪ੍ਰਸਿੱਧ ਹੈ। ਗੁਰਦਾਸਪੁਰ ਵਿੱਚ ਵੀ ਮੱਲ੍ਹੀਆ ਫਕੀਰਾਂ ਤੇ ਮੱਲ੍ਹੀਆ ਪਿੰਡ ਮੱਲ੍ਹੀ ਭਾਈਚਾਰੇ ਦੇ ਹੀ ਹਨ। ਮਾਝੇ ਤੇ ਗੁਰਦਾਸਪੁਰ ਖੇਤਰ ਵਿੱਚ ਮਲ੍ਹੀ ਗੋਤ ਦੇ ਜੱਟ ਕਾਫੀ ਵੱਸਦੇ ਹਨ। ਇੱਕ ਮੱਲ੍ਹੀਆ ਪਿੰਡ ਕਪੂਰਥਲਾ ਖੇਤਰ ਵਿੱਚ ਵੀ ਬਹੁਤ ਪ੍ਰਸਿੱਧ ਹੈ। ਅੰਮ੍ਰਿਤਸਰ ਖੇਤਰ ਵਿੱਚ ਵੀ ਮੱਲ੍ਹੀ ਕਾਫੀ ਹਨ। ਮਾਲਵੇ ਦੇ ਮੋਗਾ, ਲੁਧਿਆਣਾ ਅਤੇ ਸੰਗਰੂਰ ਆਦਿ ਖੇਤਰਾਂ ਵਿੱਚ ਮੱਲ੍ਹੀ ਭਾਈਚਾਰੇ ਦੇ ਲੋਕ ਪੁਰਾਣੇ ਸਮੇਂ ਤੋਂ ਹੀ ਆਬਾਦ ਹਨ। ਕਿਸੇ ਸਮੇਂ ਲੁਧਿਆਣੇ ਦੇ ਮਲੋਦ ਖੇਤਰ ਤੇ ਵੀ



malhionline.com

ਮੁਲਤਾਨ ਦੇ ਮੱਲਾ ਜਾਂ ਮੱਲ੍ਹੀ ਕਬੀਲੇ ਦਾ ਕਬਜ਼ਾ ਰਿਹਾ ਹੈ।

ਜਦੋਂ ਖਹਿਰੇ ਮਾਲਵੇ ਵਿੱਚ ਆਏ ਤਾਂ ਮਲ੍ਹੀਆਂ ਨਾਲ ਲੜਾਈਆਂ ਕਰਕੇ ਮੱਲ੍ਹੀਆਂ ਦੇ ਪ੍ਰਸਿੱਧ ਪਿੰਡ ਮੱਲਾ ਅਤੇ ਚੜਿਕ ਬਰਬਾਦ ਕਰ ਦਿੱਤੇ। 12ਵੀਂ ਸਦੀ ਈਸਵੀ ਵਿੱਚ ਮਲਿਆਣੇ ਵਾਲਿਆਂ ਵਿੱਚੋਂ ਲਛਮਣ ਸਿੱਧ ਬੜਾ ਸ਼ਕਤੀਸ਼ਾਲੀ ਸੀ। ਉਸਨੇ ਚੜਿਕ ਅਤੇ ਅਸ਼ਟਾਂਗ ਕੋਟ ਪਿੰਡ ਦੋ ਬਾਰਾ ਵਸਾਏ ਸਨ। ਚੜਿਕ ਆਪਣੇ ਭਤੀਜੇ ਸੰਘੇ ਨੂੰ ਦੇ ਦਿੱਤਾ ਸੀ। ਲੱਛਮਣ ਸਿੱਧ ਆਪ ਅਸ਼ਟਾਂਗ ਕੋਟ ਰਹਿੰਦਾ ਸੀ। ਗਜ਼ਨੀ ਵਾਲਿਆਂ ਨੂੰ ਮਾਲਵੇ ਵਿੱਚੋਂ ਕੱਢਣ ਲਈ ਲਛਮਣ ਸਿੱਧ ਵੀ ਜੱਗਦੇਉ ਪਰਮਾਰ ਨਾਲ ਰਲ ਗਿਆ। ਇਹ ਗੋਰੀਆਂ ਦੇ ਬਠਿੰਡਾ ਮਾਰਨ ਦੇ ਸਮੇਂ ਵੀ ਉਨ੍ਹਾਂ ਦੇ ਵਿਰੁੱਧ ਲੜੇ ਸਨ। ਇਸ ਲੜਾਈ ਵਿੱਚ ਰਾਜਪੂਤਾਂ ਜੱਟਾਂ ਦਾ ਬਹੁਤ ਨੁਕਸਾਨ ਹੋਇਆ ਸੀ। ਰਾਜਪੂਤ ਤੇ ਜੱਟ ਇੱਕੋ ਨਸਲ ਵਿੱਚੋਂ ਹਨ। ਅਸਲ ਵਿੱਚ ਜੱਟ ਹੀ ਰਾਜਪੂਤਾਂ ਦੇ ਮਾਪੇ ਹਨ।

ਗੌਰੀਆਂ, ਭੱਟੀਆਂ ਤੇ ਖਹਿਰਿਆਂ ਨੇ ਲਛਮਣ ਸਿੱਧ ਦੇ ਭਾਈਚਾਰੇ ਦੇ ਪਿੰਡ ਅੱਗਾਂ ਲਾ ਕੇ ਫੂਕ ਦਿੱਤੇ। ਚੜਿਕ ਦੇ ਸਥਾਨ ਤੇ ਭਾਰੀ ਯੁੱਗ ਹੋਇਆ। ਲਛਮਣ ਸਿੱਧ ਦਾ ਸੀਸ ਚੜਿਕ ਡਿੱਗਿਆ ਤੇ ਧੜ ਮੁਸਤਫਾ ਕੋਲ ਆ ਕੇ ਡਿੱਗਿਆ। ਦੋਹੀਂ ਥਾਈਂ ਇਸ ਸਿੱਧ ਦੀਆਂ ਮੜ੍ਹੀਆਂ ਬਣੀਆਂ ਹਨ। ਇਸ ਭਾਈਚਾਰੇ ਦੇ ਲੋਕ ਇਨ੍ਹਾਂ ਮੜ੍ਹੀਆਂ ਨੂੰ ਪੂਜਦੇ ਹਨ।



malhionline.com malhionline.com malhionline.com malhionline.com

ਮੋਰੀਆ ਕਾਲ ਦੇ ਪ੍ਰਸਿੱਧ ਯਾਤਰੀ ਮੈਗਸਥਨੀਜ ਨੇ ਵੀ ਲਿਖਿਆ ਹੈ ਕਿ ਮੱਲ੍ਹੀ ਲੋਕ ਆਪਣੇ ਵਡੇਰਿਆਂ ਦੀ ਸਮਾਧ ਬਣਾ ਕੇ ਉਸ ਦੀ ਪੂਜਾ ਕਰਦੇ ਸਨ। ਚਹਿਲ, ਗਿੱਲ, ਸੰਧੂ, ਢਿੱਲੋਂ ਆਦਿ ਜੱਟ ਵੀ ਆਪਣੇ ਵਡੇਰਿਆਂ ਦੀ ਖੁਸ਼ੀ ਸਮੇਂ ਖ਼ਾਸ ਪੂਜਾ ਕਰਦੇ ਸਨ।

ਲੁਧਿਆਣੇ ਦੇ ਮੱਲ੍ਹੀ ਜੱਟ ਵੀ ਪੱਬੀਆਂ ਦੇ ਸਥਾਨ ਤੇ ਆਪਣੇ ਵਡੇਰੇ ਲਛਮਣ ਸਿੱਧ ਦੀ ਮਾੜ੍ਹੀ ਦੀ ਮਾਨਤਾ ਕਰਦੇ ਹਨ। ਚੌਦਾਂ ਚੇਤ ਨੂੰ ਮੋਗੇ ਜ਼ਿਲ੍ਹੇ ਦੇ ਪਿੰਡ ਮਾੜੀ ਵਿੱਚ ਵੀ ਲਛਮਣ ਸਿੱਧ[164] ਦੇ ਮੰਦਿਰ ਵਿੱਚ ਭਾਰੀ ਸਲਾਨਾ ਮੇਲਾ ਲੱਗਦਾ ਹੈ। ਲਛਮਣ ਸਿੱਧ ਮਲ੍ਹੀ ਜੱਟ ਸੀ। ਮਾੜ੍ਹੀ ਦੇ ਮੱਲ੍ਹੀ ਜੱਟ ਮੰਦਿਰ ਵਿੱਚ ਹਰ ਸ਼ਾਮ ਦੀਵਾ ਬਾਲਦੇ ਹਨ। ਮੰਦਿਰ ਵਿੱਚ ਕੋਈ ਮੂਰਤੀ ਨਹੀਂ ਰੱਖਦੇ। ਪੂਜਾ ਦਾ ਮਾਲ ਮੱਲ੍ਹੀ ਜੱਟ ਹੀ ਆਪਣੇ ਪਾਸ ਰੱਖ ਲੈਂਦੇ ਹਨ। ਜੋਗ ਮੱਤ ਅਨੁਸਾਰ 9 ਨਾਥ ਅਤੇ 84 ਸਿੱਧ ਹਨ।

ਸਿਆਲਕੋਟ ਦੇ ਮੱਲ੍ਹੀ ਆਪਣਾ ਪਿੱਛਾ ਸਰੋਹਾ ਰਾਜਪੂਤਾਂ ਨਾਲ ਜੋੜਦੇ ਹਨ। ਉਨ੍ਹਾਂ ਅਨੁਸਾਰ ਉਨ੍ਹਾਂ ਦਾ ਵਡੇਰਾ ਮੱਲ੍ਹੀ ਆਪਣੇ ਸੱਤਾਂ ਪੁੱਤਰਾਂ ਸਮੇਤ ਪੰਜਾਬ ਵਿੱਚ ਚਰਵਾਹਿਆਂ ਦੇ ਤੌਰ ਤੇ ਵਸਿਆ ਸੀ। ਸੱਤਾਂ ਪੁੱਤਰਾਂ ਦੇ ਨਾਮ ਤੇ ਮੱਲ੍ਹੀਆਂ ਦੀਆਂ ਸੱਤ ਮੂੰਹੀਆਂ ਸਨ। ਇਨ੍ਹਾਂ ਦੇ ਰਸਮ ਰਿਵਾਜ ਗੁਰਾਇਆਂ ਨਾਲ ਰਲਦੇ ਮਿਲਦੇ ਹਨ। ਗੁਰਾਇ ਵੀ ਸਰੋਆ ਰਾਜਪੂਤਾਂ ਵਿੱਚੋਂ ਹਨ। ਇਨ੍ਹਾਂ ਦੇ ਪਰੋਹਤ ਨਾਈ, ਮਰਾਸੀ ਆਦਿ ਹੁੰਦੇ ਹਨ। ਕਈ ਵਾਰ



malhionline.com
malhionline.com
malhionline.com
malhionline.com

ਕੋਈ ਵੀ ਪਰੋਹਤ ਨਹੀਂ ਰੱਖਿਆ ਹੁੰਦਾ। ਮੱਲ੍ਹੀ ਆਪ ਹੀ ਪਰੋਹਤ ਬਣ ਜਾਂਦੇ ਹਨ। ਪੰਜਾਬ ਵਿੱਚ ਮੱਲ੍ਹੀ ਨਾਮ ਦੇ ਕਈ ਪਿੰਡ ਹਨ। ਮੱਲ੍ਹੀ ਦੀ ਬੰਸ ਦੇ ਇੱਕ ਮੁੱਖੀਏ ਮਿਲਾਂਬਰ ਨੇ ਕਸੂਰ ਕੋਲ ਅਚਰਕ ਪਿੰਡ ਵਸਾਇਆ। ਮੱਲ੍ਹੀ ਅੰਮ੍ਰਿਤਸਰ ਦੇ ਗੁਰਦਾਸਪੁਰ ਖੇਤਰਾਂ ਵਿੱਚ ਵੀ ਹਨ। ਹਿਮਾਯੂੰ ਦੇ ਸਮੇਂ ਵਰਸੀ ਮੱਲ੍ਹੀ ਦਾ ਪੋਤਰਾ ਰਾਮ ਗੁਜਰਾਂਵਾਲੇ ਦੇ ਖੇਤਰ ਵਿੱਚ ਵਿਰਕ ਜੱਟਾਂ ਦੇ ਘਰ ਵਿਆਹਿਆ ਗਿਆ ਤੇ ਦਾਜ ਵਜੋਂ ਮਿਲੀ ਜ਼ਮੀਨ ਤੇ ਉੱਥੇ ਹੀ ਆਬਾਦ ਹੋ ਗਿਆ। ਗੁਜਰਾਂਵਾਲੇ ਜ਼ਿਲ੍ਹੇ ਵਿੱਚ ਮੱਲ੍ਹੀਆਂ ਦੇ ਪੰਜ ਗੁਰਾਈਆਂ ਤੇ ਕਾਮੋ ਮੱਲ੍ਹੀ ਆਦਿ 12 ਪਿੰਡ ਸਨ। ਸਾਂਦਲਬਾਰ ਵਿੱਚ ਬਦੋ ਮੱਲ੍ਹੀ, ਚੀਚੋ ਕਾ ਮੱਲ੍ਹੀਆਂ, ਦਾਉ ਕੀ ਮੱਲ੍ਹੀਆਂ, ਆਦਿ ਕਾਫੀ ਪਿੰਡ ਮੱਲ੍ਹੀ ਭਾਈਚਾਰੇ ਦੇ ਸਨ। ਕਸੂਰ ਦੇ ਖੇਤਰ ਵਿੱਚ ਵੀ ਨਾਹਰਾ ਮੱਲ੍ਹੀਆਂ ਦਾ ਪੁਰਾਣਾ ਤੇ ਮੋਢੀ ਪਿੰਡ ਸੀ। ਮੱਲ੍ਹੀਆਂ ਦੀਆਂ ਚੀਮਾ ਤੇ ਵੜਾਇਚ ਜੱਟਾਂ ਨਾਲ ਵੀ ਰਿਸ਼ਤੇਦਾਰੀਆਂ ਸਨ। ਸਿਆਲੋਕਟ ਤੇ ਗੁਜਰਾਂਵਾਲਾ ਵਿੱਚ ਮੱਲ੍ਹੀ ਜੱਟਾਂ ਦੀਆਂ ਕਈ ਬਸਤੀਆਂ ਸਨ। ਮੱਲ੍ਹੀ ਜੱਟ ਸਾਰੇ ਪੰਜਾਬ ਵਿੱਚ ਮਿਲਦੇ ਹਨ। ਜ਼ਿਲ੍ਹਾ ਸ਼ਾਹਪੁਰ ਤੇ ਝੰਗ ਵਿੱਚ ਮੁਸਲਮਾਨ ਮੱਲ੍ਹੀ ਜੱਟਾਂ ਦੀ ਬਹੁਤ ਗਿਣਤੀ ਸੀ। ਪੱਛਮੀ ਪੰਜਾਬ ਵਿੱਚ ਮੱਲ੍ਹੀਆਂ ਦੀਆਂ ਹਜ਼ਰਾਵਾਂ ਨਾਲ ਕਈ ਲੜਾਈਆਂ ਹੋਈਆਂ। ਹਜ਼ਰਾਵਾਂ ਨੇ ਮੱਲ੍ਹੀਆਂ ਤੋਂ ਕਈ ਪਿੰਡ ਖੋਹ ਲਏ। ਹੱਜ਼ਰਾ ਜੱਟ ਮੱਲ੍ਹੀਆਂ ਤੋਂ ਵੀ ਵੱਧ ਤਾਕਤਵਰ ਤੇ



malhionline.com

ਖਾੜਕੂਸਨ। ਪੱਛਮੀ ਪੰਜਾਬ ਵਿੱਚ ਬਹੁਤੇ ਮੱਲ੍ਹੀ ਜੱਟ ਮੁਸਲਮਾਨ ਬਣ ਗਏ ਸਨ। ਪੂਰਬੀ ਪੰਜਾਬ ਵਿੱਚ ਸਾਰੇ ਮੱਲ੍ਹੀ ਜੱਟ ਸਿੱਖ ਹਨ। ਮੱਲ੍ਹੀ ਜੱਟਾਂ ਦੀ ਗਿਣਤੀ ਬੇਸ਼ੱਕ ਘੱਟ ਹੈ ਪਰ ਸਾਰੇ ਪੰਜਾਬ ਵਿੱਚ ਦੂਰ-ਦੂਰ ਤੱਕ ਫੈਲੇ ਹੋਏ ਹਨ। ਦੁਆਬੇ ਵਿੱਚੋਂ ਬਹੁਤ ਮੱਲ੍ਹੀ ਜੱਟ ਬਾਹਰਲੇ ਦੇਸ਼ਾਂ ਵਿੱਚ ਚਲੇ ਗਏ ਹਨ। ਮੱਲ੍ਹੀ ਜੱਟਾਂ ਦਾ ਬਹੁਤ ਹੀ ਪੁਰਾਣਾ ਤੇ ਪ੍ਰਸਿੱਧ ਗੋਤ ਹੈ। ਮੱਲ੍ਹੀ, ਮੱਲ, ਮਲੋਈ, ਮਾਲਵ ਜੱਟਾਂ ਦਾ ਇਕੋ ਹੀ ਕਬੀਲਾ ਸੀ। ਰਾਮਾਇਣ ਕਾਲ ਵਿੱਚ ਉੱਤਰੀ ਭਾਰਤ ਵਿੱਚ ਕੇਵਲ ਇੱਕ ਹੀ ਮਾਲਵ ਪ੍ਰਦੇਸ਼ ਸੀ। ਰਾਮਾਇਣ ਕਾਲ ਦਾ ਸਮਾਂ ਈਸਾ ਤੋਂ ਲਗਭਗ ਇਕ ਹਜ਼ਾਰ ਸਾਲ ਪਹਿਲਾਂ ਦਾ ਹੈ। ਉਸ ਸਮੇਂ ਇਸ ਖੇਤਰ ਵਿੱਚ ਮੱਲ ਜਾਂ ਮਾਲਵ ਜੱਟ ਰਹਿੰਦੇ ਸਨ। ਪ੍ਰਾਚੀਨ ਕਾਲ ਸਮੇਂ ਜੱਟ ਕੈਸਪੀਅਨ ਸਾਗਰ ਤੋਂ ਲੈ ਕੇ ਉੱਤਰੀ ਭਾਰਤ ਤੱਕ ਦੂਰ-ਦੂਰ ਤੱਕ ਆਬਾਦ ਸਨ। ਮੱਲੀ ਜਗਤ ਪ੍ਰਸਿੱਧ ਗੋਤ ਹੈ। ਮੱਲ੍ਹੀ ਜੱਟਾਂ ਦਾ ਇਕ ਬਹੁਤ ਹੀ ਪ੍ਰਾਚੀਨ ਤੇ ਦੇਸ਼ ਭਗਤ ਕਿਸਾਨ ਕਬੀਲਾ ਸੀ। ਜਾਟ ਇਤਿਹਾਸਕਾਰ ਪ੍ਰਿੰਸੀਪਲ ਹੁਕਮ ਸਿੰਘ ਪਾਵਾਰ ਰੋਹਤਕ ਅਨੁਸਾਰ ਗੁੱਜਰ ਨੌਂਵੀਂ ਸਦੀ, ਅਤੇ ਰਾਜਪੂਤ ਗਿਆਰ੍ਹਵੀਂ ਸਦੀ ਦੇ ਲਗਭਗ ਜੱਟਾਂ ਤੋਂ ਵੱਖ ਹੋਏ ਸਨ। ਜੱਟ ਹੀ ਸਭ ਤੋਂ ਪੁਰਾਤਨ ਕਬੀਲੇ ਹਨ।



malhionline.com malhionline.com malhionline.com malhionline.com


ਸਿੱਧ ਬਾਬਾ ਲੱਛਮਣ ਜਤੀ ਜੀ

MALHI'S



Village Alliwal Malhian, Bhunerheri,
Distt. Patiala (Pb.)
Website : malhionline.com